# ਕਾਰੋਬਾਰਾਂ ਲਈ ਰੀਸਾਈਕਲਿੰਗ ਅਤੇ ਜੈਵਿਕ ਰੀਸਾਈਕਲਿੰਗ ਗਾਈਡ

## ਕੈਲੀਫੋਰਨੀਆ ਦੇ ਸਰੋਤ ਰੀਸਾਈਕਲਿੰਗ ਅਤੇ ਰਿਕਵਰੀ ਵਿਭਾਗ ਦੁਆਰਾ

## ਰੀਸਾਈਕਲਿੰਗ ਕਾਨੂੰਨ

ਜਿਹੜੇ ਕਾਰੋਬਾਰ ਠੋਸ ਕੂੜਾ ਕਰਕਟ ਦੀ ਕੁਝ ਖਾਸ ਮਾਤਰਾ ਪੈਦਾ ਕਰਦੇ ਹਨ
ਉਹ ਵੱਖ-ਵੱਖ ਰੀਸਾਈਕਲਿੰਗ ਕਾਨੂੰਨਾਂ ਦੇ ਅਧੀਨ ਹਨ:

### MCR: ਲਾਜ਼ਮੀ ਵਪਾਰਕ ਰੀਸਾਈਕਲਿੰਗ (AB 341)

ਕਾਰੋਬਾਰਾਂ, ਸਕੂਲਾਂ ਅਤੇ ਜਨਤਕ ਇਕਾਈਆਂ ਸਮੇਤ ਜੋ ਵੀ ਹਫਤੇ ਦੇ ਵਿੱਚ 4 ਕਿਊਬਿਕ ਯਾਰਡ ਜਾਂ ਵਧੇਰੇ ਵਪਾਰਕ ਠੋਸ ਕੂੜਾ ਪੈਦਾ ਕਰਦੇ ਹਨ, ਉਨ੍ਹਾਂ ਨੂੰ ਰੀਸਾਈਕਲਿੰਗ ਸੇਵਾਵਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

### MORe: ਲਾਜ਼ਮੀ ਜੈਵਿਕ ਰੀਸਾਈਕਲਿੰਗ(AB 1826)

ਕਾਰੋਬਾਰਾਂ, ਸਕੂਲਾਂ ਅਤੇ ਜਨਤਕ ਇਕਾਈਆਂ ਸਮੇਤ ਜੋ ਵੀ ਹਫਤੇ ਦੇ ਵਿੱਚ 4 ਕਿਊਬਿਕ ਯਾਰਡ ਜਾਂ ਵਧੇਰੇ ਵਪਾਰਕ ਠੋਸ ਕੂੜਾ ਪੈਦਾ ਕਰਦੇ ਹਨ
(ਕੁੱਲ ਰੱਦੀ ਲਈ, ਰੀਸਾਈਕਲਿੰਗ ਅਤੇ ਜੈਵਿਕ ਲਈ), ਉਨ੍ਹਾਂ ਨੂੰ ਜੈਵਿਕ ਰੀਸਾਈਕਲਿੰਗ ਸੇਵਾਵਾਂ ਦਾ ਪ੍ਰਬੰਧ ਕਰਨਾ ਹੋਵੇਗਾ।

## ਕੈਲੀਫੋਰਨੀਆ ਦੇ ਰੀਸਾਈਕਲਿੰਗ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਗਾਹਕਾਂ ਨੂੰ ਸਿੱਖਿਅਤ ਅਤੇ ਸ਼ਾਮਲ ਕਰਨਾ

- 1 ਜੁਲਾਈ 2020 ਤੋਂ ਪ੍ਰਭਾਵਸ਼ਾਲੀ। MCR- ਅਤੇ MORe ਕਵਰ ਕੀਤੇ ਕਾਰੋਬਾਰਾਂ ਨੂੰ ਖਰੀਦੇ ਅਤੇ ਖਪਤ ਕੀਤੇ ਗਏ ਉਤਪਾਦਾਂ ਤੋਂ ਪੈਦਾ ਹੋ ਰਹੇ ਕੂੜੇ ਨੂੰ ਇਕੱਤਰ ਕਰਨ ਲਈ ਘਰ ਦੇ ਅਗਲੇ ਹਿੱਸੇ ਤੇ ਰੀਸਾਈਕਲਿੰਗ ਅਤੇ ਜੈਵਿਕ ਕੰਟੇਨਰ ਪ੍ਰਦਾਨ ਕਰਨੇ ਚਾਹੀਦੇ ਹਨ। (*AB 827, McCarty, Chapter 441, Statutes of 2019*).
- ਇਨ੍ਹਾਂ ਕੰਟੇਨਰ ਨੂੰ ਰੱਦੀ ਦੇ ਡੱਬਿਆਂ ਦੇ ਲਾਗੇ ਲਾਉਣਾ ਚਾਹੀਦਾ ਹੈ ਅਤੇ ਇਹ ਦਿਖਣਯੋਗ, ਆਸਾਨੀ ਨਾਲ ਪਹੁੰਚਯੋਗ ਅਤੇ ਸਪੱਸ਼ਟ ਤੌਰ ਤੇ ਚਿੰਨ੍ਹਿਤ ਹੋਣਾ ਚਾਹੀਦਾ ਹੈ।
- ਇਹ ਕਾਨੂੰਨ ਉਨ੍ਹਾਂ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਤੁਰੰਤ ਖਪਤ ਲਈ ਬਣੇ ਉਤਪਾਦ ਵੇਚਦੇ ਹਨ।
- ਪੂਰਨ ਸੇਵਾ ਵਾਲੇ ਰੈਸਟੋਰੈਂਟਾਂ ਨੂੰ ਸਰਪ੍ਰਸਤਾਂ ਲਈ ਕੰਟੇਨਰ ਮੁਹੱਈਆ ਕਰਨ ਦੀ ਜ਼ਰੂਰਤ ਨਹੀਂ ਹੈ, ਪਰ ਉਪ-ਖਪਤਕਾਰਾਂ ਨੂੰ ਮੁੜ ਵਰਤੋਂਯੋਗ ਅਤੇ ਗਾਹਕਾਂ ਲਈ ਜੈਵਿਕਾਂ ਨੂੰ ਵੱਖ ਕਰਨ ਲਈ ਕਰਮਚਾਰੀਆਂ ਨੂੰ ਕੰਟੇਨਰ ਜ਼ਰੂਰ ਪ੍ਰਦਾਨ ਕਰਨੇ ਚਾਹੀਦੇ ਹਨ।
- ਵਧੇਰੇ ਜਾਣਕਾਰੀ ਅਤੇ ਸਾਇਨੇਜ ਲਈ ਕਿਰਪਾ ਕਰਕੇ ਆਪਣੇ ਸ਼ਹਿਰ/ਕਾਉਂਟੀ ਜਾਂ ਵਸਤਾਂ ਢੋਣ ਵਾਲੇ ਨਾਲ ਸੰਪਰਕ ਕਰੋ। *
- ਮਾਡਲ ਸਾਇਨੇਜ calrecycle.ca.gov ਤੇ ਉਪਲਬਧ ਹੈ

"*Education/Outreach Toolkit* [ਐਜੁਕੇਸ਼ਨ/ਆਉਟਰੀਚ ਟੂਲਕਿੱਟ]" ਦੀ ਭਾਲ ਕਰੋ

# ਰਾਜ ਦੇ ਸਰੋਤ

ਲਾਜ਼ਮੀ ਵਪਾਰਕ ਰੀਸਾਈਕਲਿੰਗ ਜਾਣਕਾਰੀ:

*https://www.calrecycle.ca.gov/recycle/commercial*

*ਲਾਜ਼ਮੀ ਜੈਵਿਕ ਰੀਸਾਈਕਲਿੰਗ ਜਾਣਕਾਰੀ*:

https://www.calrecycle.ca.gov/Recycle/Commercial/Organics/

* ਆਪਣਾ ਸ਼ਹਿਰ ਜਾਂ ਕਾਉਂਟੀ ਸੰਪਰਕ ਲੱਭਣ ਲਈ, 916-341-6199 ਤੇ ਕਾਲ ਕਰੋ।
ਆਪਣੇ ਸਥਾਨਕ ਸਹਾਇਤਾ ਸਟਾਫ ਨੂੰ ਇੱਥੇ ਲੱਭੋ:
https://www2.calrecycle.ca.gov/LGCentral/Contacts

# ਸਥਾਨਕ ਸਰੋਤ

(ਇੱਥੇ ਸਰੋਤ ਦਾਖਲ ਕਰੋ ਜਿਵੇਂ ਸ਼ਹਿਰ/ਕਾਉਂਟੀ, ਫੂਡ ਬੈਂਕ ਅਤੇ ਵਸਤਾਂ ਢੋਣ ਵਾਲੇ ਦੀ ਸੰਪਰਕ ਜਾਣਕਾਰੀ)

# ਸਾਨੂੰ ਲਾਜ਼ਮੀ ਜੈਵਿਕ ਰੀਸਾਈਕਲਿੰਗ ਦੀ ਜ਼ਰੂਰਤ ਕਿਉਂ ਹੈ?

ਕੈਲੀਫੋਰਨੀਆ ਦੇ ਵਾਤਾਵਰਣ ਦੀ ਰੱਖਿਆ ਲਈ ਕੀਤੇ ਗਏ ਯਤਨਾਂ ਦਾ ਇੱਕ ਮਹੱਤਵਪੂਰਨ ਭਾਗ ਜੈਵਿਕ ਪਦਾਰਥਾਂ ਨੂੰ ਕੂੜਾ ਸੁੱਟਣ ਲਈ ਖੱਡਿਆਂ ਤੋਂ ਦੂਰ ਕਰਨਾ ਹੈ ਅਤੇ ਇਨ੍ਹਾਂ ਦੀ ਵਰਤੋਂ ਕੰਪੋਸਟ, ਖਾਦ ਅਤੇ ਬਾਇਓਫਯੂਲ ਵਰਗੇ ਮਹੱਤਵਪੂਰਣ ਉਤਪਾਦਾਂ ਦੇ ਉਤਪਾਦਨ ਲਈ ਕਰਨਾ ਹੈ। ਖਾਣੇ ਅਤੇ ਕੂੜੇ-ਕਰਕਟ ਦੇ ਮਿਸ਼ਰਣ ਤੋਂ ਤਿਆਰ ਕੀਤੀ ਗਈ ਕੰਪੋਸਟ ਜੋ ਪੂਰੀ ਤਰ੍ਹਾਂ ਕੰਪੋਜ਼ ਹੋਈ ਹੈ ਮਿੱਟੀ ਨੂੰ ਉਪਜਾਊ ਅਤੇ ਬਿਹਤਰ ਬਣਾ ਸੱਕਦੀ ਹੈ। ਮਿੱਟੀ ਵਿੱਚ ਵਧੇਰੇ ਕਾਰਬਨ ਪਾ ਕੇ, ਅਸੀਂ ਵਾਤਾਵਰਣ ਵਿੱਚੋਂ ਵਧੇਰੇ ਕਾਰਬਨ ਨੂੰ ਹਟਾ ਸਕਦੇ ਹਾਂ ਅਤੇ ਇਸ ਤਰ੍ਹਾਂ ਅਸੀਂ ਮੌਸਮ ਨੂੰ ਸਥਿਰ ਬਣਾਉਣ ਵਿੱਚ ਸਹਾਇਤਾ ਕਰ ਸਕਦੇ ਹਾਂ।



**ਖਾਦ ਤੰਦਰੁਸਤ ਮਿੱਟੀ ਲਈ ਇੱਕ ਕੁੰਜੀ ਹੈ, ਅਤੇ ਤੰਦਰੁਸਤ ਮਿੱਟੀ ਹਵਾ ਵਿਚੋਂ ਕਾਰਬਨ ਦੀ ਮਾਤਰਾ ਘਟਾਉਣ ਲਈ ਮਹੱਤਵਪੂਰਣ ਹੈ। ਰੀਸਾਈਕਲ ਅਤੇ ਕੰਪੋਸਟੇਬਲ ਸਮੱਗਰੀ ਨੂੰ ਕੂੜੇ ਤੋਂ ਅਲੱਗ ਰੱਖਣਾ ਲਾਗਤ ਬਚਤ ਅਤੇ ਕਾਰਜਸ਼ੀਲ ਕੁਸ਼ਲਤਾ ਵਿੱਚ ਸੁਧਾਰ ਲਈ ਇਕ ਸ਼ਾਨਦਾਰ ਪਹਿਲਾ ਕਦਮ ਹੈ।**

Company/Jurisdiction Name
Street Address
City, State, ZIP Code
ਕੰਪਨੀ/ਅਧਿਕਾਰ ਖੇਤਰ ਦਾ ਨਾਮ

ਪੂਰਾ ਪਤਾ

ਸ਼ਹਿਰ, ਰਾਜ, ਜ਼ਿਪ ਕੋਡ

Recipient Name
Address
City, State, ZIP Code
ਪ੍ਰਾਪਤ ਕਰਨ ਵਾਲੇ ਦਾ ਨਾਮ

ਪਤਾ

ਸ਼ਹਿਰ, ਰਾਜ, ਜ਼ਿਪ ਕੋਡ